# ਪ੍ਰਮੁੱਖ ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ, ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ ਬਲਾਕ, ਪੰਜਵੀਂ ਮੰਜ਼ਿਲ, ਫੇਜ਼-8, ਅਜੀਤਗੜ੍ਹ।

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), (ਨੋਟਿਸ ਬੋਰਡ ਰਾਹੀਂ)
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), (ਨੋਟਿਸ ਬੋਰਡ ਰਾਹੀਂ)
ਸਮੂਹ ਮਿਡਲ, ਹਾਈ, ਸੀ.ਸੈਕੰਡਰੀ. ਸਕੂਲਾਂ ਦੇ ਮੁੱਖੀ (ਵੈੱਬ-ਸਾਈਟ ਰਾਹੀਂ)
ਪੰਜਾਬ।

ਮੀਮੋ ਨੰ: ਸਸਅ/ਐਮਸੀ/2013/15875-77
ਮਿਤੀ : 26-09-2013

ਵਿਸ਼ਾ:- **ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਮੈਥ ਕਾਰਨਰ/ ਲੈਬ ਸਥਾਪਿਤ ਕਰਨ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਸ਼ੈਸ਼ਨ 2013-14 ਲਈ ਪੰਜਾਬ ਰਾਜ ਦੇ ਸਮੂਹ ਸਰਕਾਰੀ ਸਕੂਲਾਂ (6252) ਨੂੰ ਪ੍ਰਤੀ ਸਕੂਲ 1000/- (ਇੱਕ ਹਜ਼ਾਰ ਰੁਪਏ) ਦੀ ਰਾਸ਼ੀ ਮੈਥ ਕਾਰਨਰ/ਲੈਬ ਸਥਾਪਿਤ ਕਰਨ ਲਈ ਭੇਜੀ ਜਾ ਰਹੀ ਹੈ।ਇਸ ਰਾਸ਼ੀ ਦੀ ਵੰਡ ਆਪ ਦੁਆਰਾ ਜ਼ਿਲ੍ਹੇ ਦੇ ਸਮੂਹ ਅੱਪਰ ਪ੍ਰਾਇਮਰੀ ਸਰਕਾਰੀ ਸਕੂਲਾਂ ਵਿੱਚ ਮੈਥ ਕਾਰਨਰ/ਲੈਬ ਸਥਾਪਿਤ ਕਰਨ ਲਈ ਈ-ਟ੍ਰਾਂਸਫਰ ਕਰ ਦਿੱਤੇ ਜਾਣ ਅਤੇ ਇਹ ਧਿਆਨ ਰੱਖਿਆ ਜਾਵੇ ਕਿ ਹਰੇਕ ਸਕੂਲ ਸਮੇਂ ਸਿਰ ਮੈਥ ਕਾਰਨਰ/ ਲੈਬ ਸਥਾਪਿਤ ਕਰ ਲਵੇ।ਇਸ ਕੰਮ ਦੀ ਮੋਨੀਟਰਿੰਗ ਲਈ ਡੀ.ਆਰ.ਪੀ. (ਮੈਥ) ਅਤੇ ਡੀ.ਐਸ.ਐਸ. ਟੀਮ ਦੀ ਡਿਊਟੀ ਲਗਾਈ ਜਾਵੇ।ਉਪਰੋਕਤ ਰਾਸ਼ੀ ਨਿਯਮਾਂ ਅਨੁਸਾਰ ਖਰਚ ਕੀਤੀ ਜਾਵੇ।

2.0 ਮੈਥ ਕਾਰਨਰ/ਲੈਬ ਵਿੱਚ ਵੱਧ ਤੋਂ ਵੱਧ ਗਣਿਤ ਵਿਸ਼ੇ ਦੇ ਟੋਪਿਕਾਂ ਨਾਲ ਸਬੰਧਿਤ ਸਾਮਾਨ ਤਿਆਰ ਕੀਤਾ ਜਾਵੇ। ਜਿਸ ਦੀ ਵੱਧ ਤੋਂ ਵੱਧ ਵਰਤੋਂ ਹੋ ਸਕੇ।ਗਣਿਤ ਵਿਸ਼ੇ ਦੀਆਂ ਬੇਸਿਕਸ ਨੂੰ ਹੋਰ ਵਧੀਆ ਤਰੀਕੇ ਨਾਲ ਕਰਵਾਉਣ ਲਈ ਐਕਟੀਵਿਟੀਆਂ ਨਾਲ ਸਬੰਧਤ ਸਾਮਾਨ ਬਣਾਇਆ ਜਾਵੇ। ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਕੋਈ ਵੀ ਐਕਟੀਵਿਟੀ ਰੈਡੀਮੇਡ ਨਾ ਖਰੀਦੀ ਜਾਵੇ।

3.0 ਜੇਕਰ ਸਕੂਲ ਵਿੱਚ ਪਹਿਲਾਂ ਤੋਂ ਹੀ ਮੈਥ ਕਾਰਨਰ/ਲੈਬ ਸਥਾਪਿਤ ਹੈ ਤਾਂ ਉਸ ਨੂੰ ਅਪਡੇਟ ਕਰਨ ਲਈ ਵਿਸ਼ਾ ਅਧਿਆਪਕ ਵੱਲੋਂ ਮੈਥ ਕਾਰਨੁਕੋਪੀਆ ਵਿੱਚੋਂ ਐਕਟੀਵਿਟੀਆਂ ਬਣਾਈਆਂ ਜਾ ਸਕਦੀਆਂ ਹਨ।

4.0 ਉੱਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਪ੍ਰਮੁੱਖ ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਅਜੀਤਗੜ੍ਹ

ਪਿੱਠ ਅੰਕਣ ਨੰ : ਸਸਅ/ਐਮਸੀ/2013/ 15876-80 ਮਿਤੀ: 26-09-2013

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ, ਪੰਜਾਬ।
2. ਸਮੂਹ ਜ਼ਿਲ੍ਹਾ ਰਿਸੋਰਸ ਪਰਸਨ (ਮੈਥ), ਪੰਜਾਬ।
3. ਡੀ.ਐਮ. (ਐਮ.ਆਈ.ਐਸ.)।

ਪ੍ਰਮੁੱਖ ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਅਜੀਤਗੜ੍ਹ